# ਅਮਰੀਕ ਸਿੰਘ ਦੇ ਨਾਟਕਾਂ ਵਿੱਚ ਨਾਰੀ ਚੇਤਨਾ

## (ਚੋਣਵੇਂ ਨਾਟਕਾਂ ਦੇ ਵਿਸ਼ੇਸ਼ ਸੰਦਰਭ ਵਿੱਚ)



ਸਿਮਰਨਜੀਤ
ਖੋਜਾਰਥੀ
ਪੰਜਾਬੀ ਯੂਨੀਵਰਸਿਟੀ
ਪਟਿਆਲਾ।
simranjit81466@gmail.com

20ਵੀਂ ਸਦੀ ਦੇ ਆਖ਼ਰੀ ਦਹਾਕੇ ਵਿੱਚ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਬਣੀਆਂ ਨੀਤੀਆਂ ਨੇ ਸਮੁੱਚੇ ਵਿਸ਼ਵ ਦੇ ਦੇਸ਼ਾਂ ਦੀ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ ਹੈ। ਵਿਸ਼ਵੀਕਰਨ ਦੇ ਇਸ ਦੌਰ ਨੇ ਖੁੱਲ੍ਹੀ ਨੈਤਿਕਤਾ ਅਤੇ ਖੁੱਲ੍ਹੀ ਆਰਥਿਕਤਾ ਦੇ ਕਾਰਨ ਜੀਵਨ ਨੂੰ ਖੁੱਲ੍ਹਾ ਬਣਾ ਦਿੱਤਾ ਹੈ। ਇਸ ਦੇ ਨਾਲ ਹੀ ਸਮਕਾਲੀ ਸਮਾਜ ਵਿੱਚ ਪਹਿਚਾਣ (ਸਵੈ ਪਛਾਣ) ਦਾ ਸੰਕਟ ਗਹਿਰਾ ਹੋ ਗਿਆ, ਜਿਸ ਕਰਕੇ ਮਨੁੱਖੀ ਜੀਵਨ ਦੀਆਂ ਮੁਸ਼ਕਲਾਂ ਅਤੇ ਔਕੜਾਂ ਵਿੱਚ ਵੀ ਵਾਧਾ ਹੋਇਆ ਹੈ। ਵੀਹਵੀਂ ਸਦੀ ਦੇ ਅੰਤਲੇ ਅਤੇ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਸਮੇਂ ਪੰਜਾਬੀ ਨਾਟਕ ਦੇ ਚਿੰਤਨ-ਪਾਸਾਰਾਂ ਅਧੀਨ ਦਲਿਤ ਚੇਤਨਾ, ਨਾਰੀ ਚੇਤਨਾ, ਨਿਮਨ ਕਿਸਾਨੀ ਮਸਲੇ, ਪਰਵਾਸੀ ਚੇਤਨਾ, ਰਿਸ਼ਤਾ-ਨਾਤਾ ਪ੍ਰਬੰਧ ਅਤੇ ਜਿਨਸੀ ਸੰਬੰਧਾਂ ਆਦਿ ਪ੍ਰਮੁੱਖ ਵਰਤਾਰਿਆ ਨੂੰ ਨਾਟਕਾਂ ਵਿੱਚ ਪੇਸ਼ ਕੀਤਾ ਗਿਆ। ਇਸ ਦੌਰ ਵਿੱਚ ਚੌਥੀ ਪੀੜ੍ਹੀ ਦੇ ਨਾਟਕਕਾਰ ਸਤੀਸ਼ ਕੁਮਾਰ ਵਰਮਾ, ਸਵਰਾਜਬੀਰ, ਜਤਿੰਦਰ ਬਰਾੜ, ਜਤਿੰਦਰ ਸਚਦੇਵਾ, ਦੇਵਿੰਦਰ ਕੁਮਾਰ, ਦਵਿੰਦਰ ਦਮਨ, ਵਰਿਆਮ ਮਸਤ, ਮਨਜੀਤਪਾਲ ਕੌਰ, ਸਾਹਿਬ ਸਿੰਘ, ਸੋਮਪਾਲ ਹੀਰਾ ਅਤੇ ਪਾਲੀ ਭੁਪਿੰਦਰ ਸਿੰਘ ਆਦਿ ਨਾਟਕਕਾਰਾਂ ਨੇ ਨਾਟ-ਰਚਨਾ ਕੀਤੀ। ਇਸ ਸਮੇਂ ਦੌਰਾਨ ਦੂਜੀ ਪੀੜੀ ਦਾ ਨਾਟਕਕਾਰ ਅਮਰੀਕ ਸਿੰਘ ਲਗਭਗ 50 ਸਾਲਾਂ ਬਾਅਦ ਦੁਬਾਰਾ ਨਾਟ-ਰਚਨਾ ਕਰਦਾ ਹੈ। ਉਸਨੇ 2002 ਵਿੱਚ 'ਅਨੀਤਾ ਦਾ ਫੈਸਲਾ' 2007 ਵਿੱਚ 'ਸ਼ੋਭਾ' ਅਤੇ 'ਆਪੋ ਆਪਣੇ ਭਾਗ' ਨਾਟਕਾਂ ਦੀ ਰਚਨਾ ਕੀਤੀ। ਅਮਰੀਕ ਸਿੰਘ ਨੇ ਆਪਣੇ ਨਾਟਕਾਂ ਵਿੱਚ ਮਾਨਵੀ ਸੰਕਟਾਂ ਅਧੀਨ ਨਾਰੀ ਚੇਤਨਾ, ਪਰਵਾਸੀ ਚੇਤਨਾ, ਨਾਰੀ ਸੰਘਰਸ਼, ਪਛਾਣ ਦਾ ਸੰਕਟ, ਰਿਸ਼ਤਾ-ਨਾਤਾ ਪ੍ਰਬੰਧ, ਜਿਨਸੀ ਸੰਬੰਧ, ਨਾਜਾਇਜ਼ ਸੰਬੰਧ, ਲਿਵਇਨ ਰਿਸ਼ਤਾ (Living Relationship), ਅਨਜੋੜ ਵਿਆਹ, ਇਕੱਲਤਾ ਤੇ ਪਤੀ ਪਤਨੀ ਦੇ ਰਿਸ਼ਤੇ ਵਿੱਚ ਵਫ਼ਾਦਾਰੀ ਆਦਿ ਵਿਸ਼ਿਆਂ ਦੀ ਨਿਸ਼ਾਨਦੇਹੀ ਕੀਤੀ। ਇਹਨਾਂ ਨਾਟਕਾਂ ਦਾ ਕਥਾਨਕ ਪਿੰਡ ਤੋਂ ਸ਼ਹਿਰ, ਸ਼ਹਿਰ ਤੋਂ

ਮਹਾਂਨਗਰੀ ਅਤੇ ਮਹਾਂਨਗਰੀ ਤੋਂ ਵਿਦੇਸ਼ਾਂ ਤੱਕ ਫ਼ੈਲਿਆ ਹੋਇਆ ਹੈ।

ਇਸ ਦੌਰ ਦੀਆਂ ਨਾਟ-ਰਚਨਾਵਾਂ ਵਿੱਚ ਨਾਰੀ ਚੇਤਨਾ ਦਾ ਸਰੋਕਾਰ ਮਹੱਤਵਪੂਰਨ ਹੈ। 1990 ਤੋਂ ਪਹਿਲਾਂ ਦੇ ਪੰਜਾਬੀ ਨਾਟਕ ਵਿੱਚ ਨਾਰੀ ਸਮਾਜਿਕ ਰਿਸ਼ਤਿਆਂ ਤੋਂ ਮੁਕਤ ਹੋਣ ਦਾ ਹੌਂਸਲਾ ਜੁਟਾਉਂਦੀ ਨਜ਼ਰ ਆਉਂਦੀ ਹੈ, ਪਰ ਸਮਕਾਲੀ ਨਾਟਕ ਵਿੱਚ ਔਰਤ ਪਰਿਵਾਰ ਵਰਗੀ ਸਮਾਜਿਕ ਸੰਸਥਾ ਤੋੜਨ ਦੇ ਹੱਕ ਵਿੱਚ ਭੁਗਤਦੀ ਹੈ। ਉਹ ਆਪਣੇ ਫ਼ੈਸਲੇ ਆਪ ਲੈਣ ਨੂੰ ਪਹਿਲ ਦਿੰਦੀ ਹੈ। ਇਸ ਚੇਤਨਾ ਅਧੀਨ ਅਮਰੀਕ ਸਿੰਘ 'ਅਨੀਤਾ ਦਾ ਫੈਸਲਾ', 'ਸ਼ੋਭਾ'ਅਤੇ 'ਆਪੋ ਆਪਣੇ ਭਾਗ' ਦੀ ਰਚਨਾ ਕਰਦਾ ਹੈ। ਅਮਰੀਕ ਸਿੰਘ ਦੇ ਇਹਨਾਂ ਨਾਟਕਾਂ ਵਿੱਚ ਨਾਰੀ ਚੇਤਨਾ ਨੂੰ ਉਭਾਰਿਆ ਗਿਆ। ਇਹਨਾਂ ਨਾਟਕਾਂ ਵਿੱਚ ਅਨੀਤਾ, ਸ਼ੋਭਾ ਅਤੇ ਰੀਟਾ ਪ੍ਰਮੁੱਖ ਪਾਤਰਾਂ ਹਨ ਜੋ ਆਪਣੇ ਹੱਕਾਂ ਪ੍ਰਤੀ ਚੇਤੰਨ ਹਨ। ਉਹ ਆਪਣੇ ਜ਼ਿੰਦਗੀ ਦੇ ਫ਼ੈਸਲੇ ਖ਼ੁਦ ਲੈਣਾ ਚਾਹੁੰਦੀਆਂ ਹਨ।

ਅਜੋਕੇ ਦੌਰ ਵਿੱਚ ਔਰਤ ਨੇ ਘਰ ਤੋਂ ਬਾਹਰ ਨਿਕਲ ਕੇ ਪਰਿਵਾਰ ਦੀ ਆਰਥਿਕਤਾ ਵਿੱਚ ਹਿੱਸਾ ਪਾਉਣਾ ਸ਼ੁਰੂ ਕੀਤਾ ਹੈ, ਜਿਸ ਕਰਕੇ ਔਰਤ ਆਰਥਿਕ ਪੱਖੋਂ ਸ੍ਵੈ-ਨਿਰਭਰ ਹੋਈ ਹੈ। 'ਅਨੀਤਾ ਦਾ ਫੈਸਲਾ' ਨਾਟਕ ਦੀ ਅਨੀਤਾ, 'ਆਪੋ ਆਪਣੇ ਭਾਗ' ਦੀ ਰੀਟਾ ਅਤੇ 'ਸ਼ੋਭਾ' ਨਾਟਕ ਦੀ ਪਾਤਰ ਸ਼ੋਭਾ ਤੇ ਰਸ਼ਮੀ ਨੌਕਰੀ ਪੇਸ਼ਾ ਔਰਤਾਂ ਹਨ। ਇਹ ਔਰਤਾਂ ਬਿਜਨੈਸ (ਕਾਰੋਬਾਰ) ਕਰਦੀਆਂ ਹਨ। ਇਹ ਬਿਜਨੈਸ ਵਿੱਚ ਮਰਦਾਂ ਦੇ ਮੁਕਾਬਲੇ ਨਿਪੁੰਨ ਹਨ। 'ਆਪੋ ਆਪਣੇ ਭਾਗ' ਵਿੱਚ ਰੀਟਾ ਬਿਕਰਮ ਤੋਂ ਵਧੇਰੇ ਸਫ਼ਲ ਬਿਜਨੈਸ-ਵੂਮੈਨ ਸਾਬਿਤ ਹੁੰਦੀ ਹੈ। ਇਹ ਔਰਤਾਂ ਆਰਥਿਕ ਪੱਖੋਂ ਸੁਤੰਤਰ ਹੋਣ ਕਾਰਨ ਆਪਣੇ ਫ਼ੈਸਲੇ ਆਪ ਲੈਣ ਦੀ ਦਲੇਰੀ ਰੱਖਦੀਆਂ ਹਨ:

"ਅਨੀਤਾ: ਇਹ ਵੇਲੇ ਵਾਲੀ ਗੱਲ ਮੈਨੂੰ ਸਮਝ ਨਹੀਂ ਆਂਦੀ। ਇਹਦਾ ਇਹ ਮਤਲਬ ਨਹੀਂ ਕਿ ਮੈਨੂੰ ਇਸ ਗੱਲ ਦੀ ਸਮਝ ਨਹੀਂ ਕਿ ਕਿਹੜਾ ਵੇਲਾ ਠੀਕ ਹੋਵੇਗਾ ਤੇ ਕਿਹੜਾ ਗ਼ਲਤ। ਮੈਂ ਸਿਰਫ ਇਨਾ ਕਹਿੰਦੀ ਹਾਂ ਕਿ ਮੈਂ ਵਿਆਹ ਇਸ ਲਈ ਨਹੀਂ ਕਰ ਰਹੀ ਕਿਉਂਕਿ ਮੈਂ ਫਸ ਗਈ ਹਾਂ। ਇਹ ਗੱਲ ਨਹੀਂ। ਮੈਂ ਕੋਈ ਹੋਰ ਫੈਸਲਾ ਵੀ ਕਰ ਸਕਦੀ ਹਾਂ। ਪਰ ਜੇਕਰ ਅਜੈ

ਮੈਨੂੰ ਠੀਕ ਘਰ ਵਾਲਾ ਲਗਦਾ ਹੈ ਤਾਂ ਇਹ ਰਿਸ਼ਤਾ ਠੀਕ ਹੈ, ਨਹੀਂ ਤਾਂ ਨਹੀਂ।"[1]

ਇਹ ਸੰਵਾਦ ਇੱਕ ਪਾਸੇ ਇਸਤਰੀ ਦੀ ਖ਼ੁਦਮੁਖਤਿਆਰੀ, ਵਰ ਚੋਣ ਦੀ ਆਜ਼ਾਦੀ ਅਤੇ ਪ੍ਰਗਤੀਸ਼ੀਲ ਸੋਚ ਨੂੰ ਉਜਾਗਰ ਕਰਦਾ ਹੈ, ਪਰ ਦੂਜੇ ਪਾਸੇ ਇਹ ਵੀ ਦਰਸਾਉਂਦਾ ਹੈ ਕਿ ਸਮਾਜਿਕ ਧਾਰਨਾਵਾਂ ਤੋਂ ਪੂਰੀ ਤਰ੍ਹਾਂ ਮੁਕਤੀ ਹਾਸਿਲ ਕਰਨਾ ਅਜੇ ਵੀ ਇੱਕ ਜਟਿਲ ਪ੍ਰਕਿਰਿਆ ਹੈ। ਅਨੀਤਾ ਦਾ ਪਾਤਰ ਇਸ ਤਣਾਅ, ਆਜ਼ਾਦੀ ਅਤੇ ਪਰੰਪਰਾ ਦੇ ਵਿਚਾਰ ਨੂੰ ਜੀਵੰਤ ਢੰਗ ਨਾਲ ਪੇਸ਼ ਕਰਦਾ ਹੈ।

ਇਸ ਤਰ੍ਹਾਂ ਬੇਸ਼ੱਕ ਔਰਤਾਂ ਆਰਥਿਕ ਪੱਖੋਂ ਸੁਤੰਤਰ ਹੋ ਕੇ ਆਪਣੇ ਫ਼ੈਸਲੇ ਆਪ ਲੈਂਦੀਆਂ ਹਨ ਪਰ ਕਿਤੇ ਨਾ ਕਿਤੇ ਬਹੁਤ ਸਾਰੀਆਂ ਔਰਤਾਂ ਇਸ ਵਿਕਸਿਤ ਪ੍ਰਬੰਧ ਵਿੱਚ ਵੀ ਅਨੇਕ ਤਰ੍ਹਾਂ ਦੀ ਪੀੜ ਹੰਢਾਉਂਦੀਆਂ ਹਨ। "ਆਰਥਿਕ ਤੌਰ 'ਤੇ ਵਿਕਸਤ ਸਮਾਜਿਕ ਪ੍ਰਬੰਧ 'ਚ ਵੀ ਮਾਨਸਿਕ ਤੌਰ 'ਤੇ ਜਗੀਰਦਾਰੀ ਸੋਚ 'ਤੇ ਆਧਾਰਿਤ ਮਰਦ ਪ੍ਰਧਾਨ ਮਾਨਸਿਕਤਾ ਹੱਥੋਂ ਸਭ ਤੋਂ ਵੱਧ ਪੀੜ ਔਰਤ ਹੀ ਹੰਢਾਉਂਦੀ ਹੈ।"[2] ਇਹ ਪੀੜ 'ਸ਼ੋਭਾ' ਨਾਟਕ ਵਿੱਚ ਕਰਤਾਰੋ ਦੀ ਕਿਸਮਤ ਬਣਦੀ ਹੈ। ਕਰਤਾਰੋ ਦੀ ਮਾਂ ਗਰੀਬੀ ਕਾਰਨ ਉਸਨੂੰ ਇੱਕ ਤੋਂ ਬਾਅਦ ਇੱਕ ਕਰਕੇ ਤਿੰਨ ਮਰਦਾਂ ਨੂੰ ਵੇਚਦੀ ਹੈ। ਇਸ ਤਰ੍ਹਾਂ ਨਾਟਕ ਵਿੱਚ ਉਸਦੀ ਮਾਂ ਆਪਣੇ ਸੁਆਰਥਾਂ ਦੀ ਪੂਰਤੀ ਕਰਦੀ ਨਜ਼ਰ ਆਉਂਦੀ ਹੈ।

"ਕਰਤਾਰੋ: ਠੀਕ ਹੈ ਤੇਰੀ ਗੱਲ। ਜਦੋਂ ਮੈਨੂੰ ਇਹ ਗੱਲ ਯਾਦ ਆਂਦੀ ਹੈ ਕਿ ਮੇਰੀ ਮਾਂ ਨੇ ਮੈਨੂੰ ਪੈਸਿਆਂ ਲਈ ਵੇਚ ਦਿੱਤਾ ਸੀ ਤਾਂ ਜੋ ਮੇਰਾ ਵੱਡਾ ਭਰਾ ਆਪਣੀ ਰਿਕਸ਼ਾ ਖ਼ਰੀਦ ਸਕੇ ਤਾਂ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ ਹੈ। ਭਲਾ ਕੁੜੀ ਇਸੇ ਕੰਮ ਲਈ ਹੈ ਕਿ ਉਹਨੂੰ ਕਿਸੇ ਨਾਮਰਦ ਕੋਲ ਵੇਚ ਕੇ ਪੈਸੇ ਕਮਾ ਲਏ ਜਾਣ? ਇਹ ਤਾਂ ਕਸਾਈਆਂ ਵਾਲੀ ਗੱਲ ਹੈ। ਜੇ ਮਾਂ ਪਿਉ ਹੀ ਧੀਆਂ ਵੇਚਣ ਲੱਗ ਪੈਣ ਤਾਂ ਦੁਨੀਆਂ ਕਿਵੇਂ ਚੱਲ ਸਕਦੀ ਏ?..........ਮੈਂ ਮੰਨਦੀ ਹਾਂ ਗ਼ਰੀਬੀ ਹੈ। ਮੇਰਾ ਪਿਉ ਪਾਂਡੀ ਸੀ। ਭਰਾ ਵੀ ਉਸੇ ਪਾਸੇ ਜਾ ਰਿਹਾ ਸੀ। ਮਾਂ ਨੇ ਸੋਚਿਆ ਕੁੜੀ ਨੂੰ ਵੇਚ ਕੇ ਮੁੰਡੇ ਨੂੰ ਬਚਾਅ ਲਵੇ। ਇਹ ਕਿਹੜੇ ਪਾਸੇ ਦਾ ਇਨਸਾਫ਼ ਸੀ।"[3]

ਇਹ ਸੰਵਾਦ ਇਸਤਰੀ ਦੇ ਵਸਤੂਕਰਨ, ਗ਼ਰੀਬੀ ਦੀ ਨਿਰੰਕੁਸ਼ਤਾ ਅਤੇ ਪਿਤਰਸੱਤਾ ਸੋਚ

ਦੀ ਕਰੜੀ ਆਲੋਚਨਾ ਕਰਦਾ ਹੈ। ਕਰਤਾਰੋ ਦਾ ਪਾਤਰ ਇੱਕ ਪ੍ਰਤੀਰੋਧਕ ਆਵਾਜ਼ ਵਜੋਂ ਉਭਰਦਾ ਹੈ, ਜੋ ਅਨਿਆਂ ਦੇ ਖਿਲਾਫ਼ ਸਵਾਲ ਖੜ੍ਹਾ ਕਰਦਾ ਹੈ ਅਤੇ ਸਮਾਜਿਕ ਨਿਆਂ ਦੀ ਮੰਗ ਕਰਦਾ ਹੈ। ਇਸ ਤਰ੍ਹਾਂ ਕਰਤਾਰੋ ਗ਼ਰੀਬੀ ਕਾਰਨ ਜ਼ਬਰਦਸਤੀ ਗਲ਼ ਪਾਏ ਰਿਸ਼ਤਿਆਂ ਦੇ ਬੋਝ ਨੂੰ ਚੁੱਕਦੀ ਹੋਈ ਮਾਨਸਿਕ ਤੇ ਸਰੀਰਕ ਪੀੜ ਹੰਢਾਉਂਦੀ ਹੈ। ਇਸੇ ਹੀ ਤਰ੍ਹਾਂ ਦੀ ਮਾਨਸਿਕ ਅਤੇ ਸਰੀਰਕ ਪੀੜ ਵਿੱਚੋਂ ਅਨੀਤਾ ਵੀ ਗੁਜ਼ਰਦੀ ਹੈ, ਜਿਸ ਕਰਕੇ ਉਹ ਆਪਣੇ ਪਤੀ ਗੁਰਦਿਆਲ ਨੂੰ ਛੱਡ ਦਿੰਦੀ ਹੈ। ਇਹ ਪੀੜ ਰੀਟਾ ਦੀ ਕਿਸਮਤ ਵੀ ਬਣਦੀ ਹੈ ਤੇ ਉਹ ਵੀ ਆਪਣੇ ਪਤੀ ਤੋਂ ਵੱਖ ਹੋ ਜਾਂਦੀ ਹੈ। ਅਨੀਤਾ ਅਤੇ ਰੀਟਾ ਪੜ੍ਹੀਆਂ-ਲਿਖੀਆਂ ਤੇ ਆਰਥਿਕ ਤੌਰ ’ਤੇ ਸ੍ਵੈ-ਨਿਰਭਰ ਹੋਣ ਕਾਰਨ ਪੈਸੇ ਪੱਖੋਂ ਚੰਗੀ ਜ਼ਿੰਦਗੀ ਗੁਜ਼ਾਰਦੀਆਂ ਹਨ ਜਦਕਿ ਕਰਤਾਰੋ ਦੀ ਆਰਥਿਕ ਹਾਲਾਤ ਠੀਕ ਨਾ ਹੋਣ ਕਰਕੇ ਅਤੇ ਪੜ੍ਹੀ ਲਿਖੀ ਨਾ ਹੋਣ ਕਾਰਨ ਵਧੇਰੇ ਕਸ਼ਟ ਸਹਿਣ ਕਰਦੀ ਹੈ। ਇਸਦਾ ਮਤਲਬ ਆਰਥਿਕ ਪੱਖੋਂ ਮਜ਼ਬੂਤ ਔਰਤਾਂ ਦੂਜੀਆਂ ਔਰਤਾਂ ਦੇ ਮੁਤਾਬਲਤਨ ਚੰਗੀ ਜ਼ਿੰਦਗੀ ਗੁਜ਼ਾਰਦੀਆਂ ਹਨ।

ਨੌਕਰੀ ਪੇਸ਼ਾ ਔਰਤਾਂ ਜਾਂ ਸੁਤੰਤਰ ਤੌਰ ’ਤੇ ਵਿਚਰਦੀਆਂ ਔਰਤਾਂ ਨੂੰ ਆਪਣੇ ਫ਼ੈਸਲੇ ਆਪ ਲੈਣ ਕਾਰਨ ਅਨੇਕ ਤਰ੍ਹਾਂ ਦੇ ਸੰਘਰਸ਼ ਵੀ ਕਰਨੇ ਪੈਂਦੇ ਹਨ। ਨਾਟਕ ‘ਅਨੀਤਾ ਦਾ ਫੈਸਲਾ’ ਵਿੱਚ ਅਨੀਤਾ ਅਜਿਹੇ ਵਰਤਾਰੇ ਦਾ ਚਿਹਨ ਹੈ। ਅਨੀਤਾ ਸਮਾਜ ਵੱਲੋਂ ਨਿਰਧਾਰਿਤ ਕੀਤੀਆਂ ਦਰਜੇ-ਬੰਦੀਆਂ ਨੂੰ ਤੋੜਨਾ ਚਾਹੁੰਦੀ ਹੈ। ਉਹ ਸਮਾਜ ਵਿਰੁੱਧ ਜਾ ਕੇ ਆਪਣੇ ਫ਼ੈਸਲੇ ਲੈਣਾ ਚਾਹੁੰਦੀ ਹੈ। ਅਜਿਹੇ ਫ਼ੈਸਲੇ ਲੈਣ ਦੌਰਾਨ ਉਸ ਨੂੰ ਅਨੇਕ ਤਰ੍ਹਾਂ ਦੇ ਸੰਘਰਸ਼ਾਂ ਦਾ ਸਾਹਮਣਾ ਕਰਨ ਪੈਂਦਾ ਹੈ। ਅਨੀਤਾ ਦਾ ਪਹਿਲਾ ਸੰਘਰਸ਼ ਉਸਦੇ ਪਤੀ ਨਾਲ ਹੈ। ਉਹ ਪਤੀ ਦੇ ਝਗੜਿਆਂ ਤੋਂ ਤੰਗ ਆ ਜਾਂਦੀ ਹੈ ਅਤੇ ਉਸ ਤੋਂ ਵੱਖ ਹੋਣ ਦਾ ਫ਼ੈਸਲਾ ਕਰਦੀ ਹੈ। ਅਨੀਤਾ ਆਪਣੇ ਪਹਿਲੇ ਪਤੀ ਤੋਂ ਵੱਖ ਹੀ ਇਸ ਕਰਕੇ ਹੁੰਦੀ ਹੈ ਕਿਉਂਕਿ ਗੁਰਦਿਆਲ ਅਨੀਤਾ ’ਤੇ ਅਨੇਕ ਤਰ੍ਹਾਂ ਦੀਆਂ ਪਾਬੰਦੀਆਂ ਲਗਾਉਂਦਾ ਹੈ। ਉਹ ਅਨੀਤਾ ’ਤੇ ਸ਼ੱਕ ਵੀ ਕਰਦਾ ਹੈ। ਉਹ ਅਨੀਤਾ ਨੂੰ ਉਸਦੀ ਮਰਜ਼ੀ ਅਨੁਸਾਰ ਜ਼ਿੰਦਗੀ ਜਿਉਣ ਨਹੀਂ ਦਿੰਦਾ।

ਅਨੀਤਾ ਅਜਿਹੀ ਗੁਲਾਮੀ ਵਾਲਾ ਜੀਵਨ ਜਾਂ ਪਤੀ ਦੀਆਂ ਸ਼ਰਤਾਂ ਮੁਤਾਬਿਕ ਨਹੀਂ ਜਿਉਣਾ ਚਾਹੁੰਦੀ। ਉਸਦਾ ਦੂਸਰਾ ਸੰਘਰਸ਼ ਨੌਕਰੀ ਵਿੱਚ ਆਉਂਦੀਆਂ ਮੁਸ਼ਕਿਲਾਂ ਨਾਲ ਹੈ। ਇਸ ਤੋਂ ਅਗਲਾ ਸੰਘਰਸ਼ ਸਮਾਜ ਵਿੱਚ ਇਕੱਲਿਆਂ ਜ਼ਿੰਦਗੀ ਬਿਤਾਉਣ ਕਾਰਨ ਉਸਦੀ ਇਕੱਲਤਾ ਨਾਲ ਹੈ।

"ਅਨੀਤਾ: ਗੁਰਦਿਆਲ ਦੇ ਤਜੱਰਬੇ ਤੋਂ ਬਾਦ ਬਸ ਡ਼ਾਕਾ ਜਿਹਾ ਆ ਗਿਆ ਹੈ। ਪਿਛਲੇ ਦੋ ਤਿੰਨ ਸਾਲਾਂ ਵਿਚ ਦੋ ਤਿੰਨ ਵਾਰੀ ਮੌਕੇ ਆਏ ਪਰ ਹਰ ਵਾਰੀ ਮੈਂ ਨਾਂਹ ਹੀ ਕਰ ਦਿੱਤੀ। ਹੋਟਲ ਦੇ ਕੰਮ ਵਿੱਚ ਚਾਲੂ ਲੋਕ ਬੜੇ ਮਿਲਦੇ ਨੇ। ਇਸ ਲਈ ਪੱਲੂ ਬਚਾ ਕੇ ਹੀ ਚਲਣਾ ਪੈਂਦਾ ਹੈ। ਇਹੋ ਜਿਹੇ ਲੋਕਾਂ ਤੋਂ ਦੂਰ ਹੀ ਰਹਿਣਾ ਚੰਗਾ ਹੈ, ਨਹੀਂ ਤਾਂ ਹੋਰ ਤਰ੍ਹਾਂ ਦੀਆਂ ਗੁੰਝਲਾਂ ਪੈ ਜਾਂਦੀਆਂ ਨੇ। (ਕੁਝ ਦੇਰ ਰੁਕ ਕੇ) ਬਹੁਤ ਵਾਰੀ ਤਾਂ ਉਹਨਾਂ ਗੱਲਾਂ ਨੂੰ ਗੌਲੀ ਦਾ ਹੀ ਨਹੀਂ ਪਰ ਇੱਕ ਮੇਰਾ ਅਫ਼ਸਰ ਮੇਰੇ ਬੜਾ ਮਗਰ ਪੈ ਗਿਆ। ਬੜੀ ਮੁਸ਼ਕਿਲ ਨਾਲ ਉਹਦੇ ਕੋਲੋਂ ਖਹਿੜਾ ਛੁਡਾਇਆ। ਮੈਂ ਉਹਨੂੰ ਸਾਫ਼ ਕਹਿ ਦਿੱਤਾ ਕਿ ਮੈਂ ਰਖੇਲ ਬਣਨ ਨੂੰ ਤਿਆਰ ਨਹੀਂ, ਵਿਆਹ ਦੀ ਗੱਲਬਾਤ ਹੁੰਦੀ ਤਾਂ ਹੋਰ ਗੱਲ ਸੀ। ਉਹ ਅਗੇ ਹੀ ਵਿਆਹਿਆ ਹੋਇਆ ਸੀ। ਕੁਝ ਚਿਰ ਬਾਦ ਉਹਦੀ ਬਦਲੀ ਹੀ ਹੋ ਗਈ। ਹੁਣ ਵੀ ਕਦੀ ਕਦੀ ਮਿਲਦਾ ਹੈ ਤਾਂ ਕਹਿੰਦਾ ਹੈ ਤੂੰ ਮੇਰੀ ਗੱਲ ਨਹੀਂ ਮੰਨੀ।"[4]

ਇਹ ਸੰਵਾਦ ਇਸਤਰੀ ਦੇ ਸਵੈ ਗੌਰਵ, ਕਾਰਜ ਸਥਲ 'ਤੇ ਸ਼ੋਸ਼ਣ ਅਤੇ ਪਿਤਰਸੱਤਾਤਮਕ ਨੈਤਿਕਤਾ ਦੇ ਤਣਾਅ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਅਨੀਤਾ ਇੱਕ ਮਜ਼ਬੂਤ ਅਤੇ ਸੁਚੇਤ ਪਾਤਰ ਵਜੋਂ ਸਾਹਮਣੇ ਆਉਂਦੀ ਹੈ, ਪਰ ਉਸਦੀ ਸੋਚ ਵਿੱਚ ਮੌਜੂਦ ਪਰੰਪਰਾਗਤ ਸੀਮਾਵਾਂ ਵੀ ਆਲੋਚਨਾ ਦਾ ਕੇਂਦਰ ਬਣਦੀਆਂ ਹਨ।

ਨਾਟਕ 'ਆਪੋ ਆਪਣੇ ਭਾਗ' ਵਿੱਚ ਰੀਟਾ ਦਾ ਸੰਘਰਸ਼ ਪਰਿਵਾਰਕ ਅਤੇ ਸਮਾਜਿਕ ਪ੍ਰਸਥਿਤੀਆਂ ਨਾਲ ਹੈ। ਰੀਟਾ ਦੀ ਪਹਿਲੇ ਵਿਆਹ ਦੇ ਤਲਾਕ ਤੋਂ ਬਾਅਦ ਦੀ ਜ਼ਿੰਦਗੀ, ਭਾਰਦਵਾਜ ਦੀ ਕੰਪਨੀ ਵਿੱਚ ਨੌਕਰੀ, ਬੱਚੀ ਦਾ ਪਾਲਣ-ਪੋਸ਼ਣ, ਦੂਜੇ ਵਿਆਹ ਦਾ ਫ਼ੈਸਲਾ ਲੈਣਾ, ਬੱਚੀ ਸਮੇਤ ਬਿਕਰਮ ਨਾਲ ਅਮਰੀਕਾ ਜਾਣਾ ਅਤੇ ਫਿਰ ਵਾਪਸ ਆਉਣਾ ਇਹ

ਸਭ ਘਟਨਾਵਾਂ ਉਸਦੇ ਸੰਘਰਸ਼ ਦਾ ਹੀ ਨਤੀਜਾ ਹਨ। ਰੀਟਾ ਦੀ ਯੋਗਤਾ ਕਾਰਨ ਦਫ਼ਤਰ ਵਿੱਚ ਉਸਦੀ ਵੱਖਰੀ ਪਹਿਚਾਣ ਹੈ। ਉਹ ਜੀਵਨ ਸਾਥੀ ਲੱਭਣ ਲਈ ਵੀ ਸੰਘਰਸ਼ ਕਰਦੀ ਹੈ। ਉਸਨੂੰ ਲੱਗਦਾ ਹੈ ਕਿ ਜਿਸ ਤਰ੍ਹਾਂ ਉਹ ਖ਼ੁਦ ਸੋਚਦੀ ਹੈ, ਉਸ ਤਰ੍ਹਾਂ ਬਿਕਰਮ ਨਹੀਂ ਸੋਚ ਸਕਦਾ। ਉਸਨੂੰ ਅਜਿਹਾ ਘਰਵਾਲਾ ਚਾਹੀਦਾ ਹੈ ਜਿਸਦੀ ਸੋਚ ਉਸਦੀ ਸੋਚ ਨਾਲੋਂ ਉੱਚੀ ਹੋਵੇ।ਇਸ ਲਈ ਰੀਟਾ ਨੂੰ ਬਿਕਰਮ ਆਪਣੇ ਹਾਣ ਦਾ ਨਹੀਂ ਲੱਗਦਾ, ਜਿਸ ਕਰਕੇ ਉਹ ਬਿਕਰਮ ਨਾਲ ਵਿਆਹ ਕਰਵਾਉਣ ਦਾ ਫ਼ੈਸਲਾ ਤਿਆਗ ਦਿੰਦੀ ਹੈ।

"ਰੀਟਾ: ......ਮੈਨੂੰ ਸਾਥੀ ਦੀ ਲੋੜ ਹੈ। ਪਰ ਉਹ ਆਦਮੀ ਮੇਰੇ ਨਾਲੋਂ ਜ਼ਿਆਦਾ ਗੁਣਵਾਨ ਚਾਹੀਦਾ ਹੈ। ਉਹ ਐਸਾ ਬੰਦਾ ਹੋਵੇ ਕਿ ਜੋ ਉਹ ਮੈਨੂੰ ਕੋਈ ਗੱਲ ਆਖੇ ਤਾਂ ਮੈਂ ਮੋੜ ਨਾ ਸਕਾਂ। ਅਸਲੀਅਤ ਇਹ ਹੈ ਕਿ ਮੈਨੂੰ ਅਜਿਹਾ ਬੰਦਾ ਚਾਹੀਦਾ ਹੈ ਜਿਹੜਾ ਮੈਨੂੰ ਹੁਕਮ ਦੇ ਸਕੇ ਤੇ ਮੈਂ ਉਹਦਾ ਕਿਹਾ ਮੋੜ ਨਾ ਸਕਾਂ।"[5]

ਰੀਟਾ ਦਾ ਸੰਵਾਦ ਇਸਤਰੀ ਦੀ ਮਨੋਵਿਗਿਆਨਿਕ ਦੁਵਿਧਾ ਅਤੇ ਪਿਤਰਸੱਤਾਤਮਕ ਸੰਸਕਾਰਾਂ ਦੀ ਗਹਿਰੀ ਪਕੜ ਨੂੰ ਦਰਸਾਉਂਦਾ ਹੈ। ਇਹ ਰਿਸ਼ਤਿਆਂ ਵਿੱਚ ਸਮਾਨਤਾ,ਆਤਮ ਸਨਮਾਨ ਅਤੇ ਖ਼ੁਦਮੁਖਤਿਆਰੀ ਦੇ ਮੁੱਦਿਆਂ ਨੂੰ ਚੁਣੌਤੀ ਦਿੰਦਾ ਹੈ ਅਤੇ ਇਸ ਗੱਲ ਨੂੰ ਉਭਾਰਦਾ ਹੈ ਕਿ ਆਧੁਨਿਕ ਇਸਤਰੀ ਆਪਣੇ ਅਸਤਿਤਵ ਨੂੰ ਅਧੀਨਤਾ ਨਹੀਂ, ਸਗੋਂ ਸਮਾਨ ਭਾਗੀਦਾਰੀ ਦੇ ਆਧਾਰ 'ਤੇ ਪਰਿਭਾਸ਼ਿਤ ਕਰੇ।

ਨਾਟਕਾਂ ਵਿੱਚ ਔਰਤ ਪਾਤਰ ਅਨਜੋੜ ਵਿਆਹ ਦੇ ਦੁਖਾਂਤ ਨੂੰ ਵੀ ਹੰਢਾਉਂਦੀਆਂ ਹਨ। ਇਹ ਅਨਜੋੜਤਾ ਉਮਰ ਦੇ ਨਾਲ-ਨਾਲ ਵਿਚਾਰਾਂ ਦੀ ਵੀ ਹੁੰਦੀ ਹੈ। ਨਾਟਕ 'ਅਨੀਤਾ ਦਾ ਫੈਸਲਾ' ਵਿੱਚ ਅਨੀਤਾ ਦੀ ਆਪਣੇ ਪਤੀ ਨਾਲ ਵਿਚਾਰਾਂ ਦੀ ਸਾਂਝ ਨਾ ਹੋਣ ਕਾਰਨ ਅਨੀਤਾ ਉਸ ਤੋਂ ਵੱਖ ਹੋ ਜਾਂਦੀ ਹੈ। ਇਸ ਨਾਟਕ ਵਿੱਚ ਅੰਜੂ ਵੀ ਆਪਣੇ ਪਤੀ ਸੰਤੋਸ਼ ਤੋਂ ਤੰਗ ਆ ਕੇ ਤਲਾਕ ਲੈ ਲੈਂਦੀ ਹੈ। ਨਾਟਕ 'ਆਪੋ ਆਪਣੇ ਭਾਗ' ਵਿੱਚ ਰੀਟਾ ਵੀ ਆਪਣੇ ਪਤੀ ਨਾਲ ਆਪਸੀ ਅਣਬਣ ਕਾਰਨ ਉਸਨੂੰ ਛੱਡ ਕੇ ਆਪਣੇ ਪੇਕੇ ਘਰ ਆ ਰਹਿਣ ਲੱਗ ਪੈਂਦੀ ਹੈ। ਨਾਟਕ 'ਸ਼ੋਭਾ' ਵਿੱਚ ਕਰਤਾਰੋ ਵੀ ਆਪਣੇ ਪਤੀਆਂ ਤੋਂ ਤੰਗ ਆ ਕੇ ਉਹਨਾਂ ਦਾ ਕਤਲ ਕਰ

ਦਿੰਦੀ ਹੈ। ਕਰਤਾਰੋ ਜ਼ੁਲਮ ਨਾ ਸਹਿੰਦੀ ਇੱਕ ਤੋਂ ਬਾਅਦ ਇੱਕ ਆਪਣੇ ਤਿੰਨੋਂ ਪਤੀਆਂ ਨੂੰ ਮਾਰ ਮੁਕਾਉਂਦੀ ਹੈ। ਇਸ ਤਰ੍ਹਾਂ ਨਾਟਕ ਵਿਚਲੀਆਂ ਪਾਤਰ ਔਰਤਾਂ ਅਨਜੋੜ ਵਿਆਹ ਦੇ ਸੰਤਾਪ ਨੂੰ ਹੰਢਾਉਂਦੀਆਂ ਆਪਣੇ ਪਤੀਆਂ ਤੋਂ ਵੱਖ ਹੋ ਜਾਂਦੀਆਂ ਹਨ ਜਾਂ ਉਹਨਾਂ ਕਤਲ ਕਰ ਦਿੰਦੀਆਂ ਹਨ।

ਇਸ ਤਰ੍ਹਾਂ ਅਜੋਕੇ ਸਮਾਜ ਦੀਆਂ ਔਰਤਾਂ ਅਣਜੋੜ ਵਿਆਹ ਦਾ ਸ਼ਿਕਾਰ ਹੋ ਕੇ ਰਿਸ਼ਤੇ ਦੇ ਬੋਝ ਨੂੰ ਚੁੱਕ ਕੇ ਨਹੀਂ ਚੱਲਦੀਆਂ, ਸਗੋਂ ਰਿਸ਼ਤਿਆਂ ਤੋਂ ਸੁਤੰਤਰ ਹੋਣ ਨੂੰ ਬਿਹਤਰ ਸਮਝਦੀਆਂ ਹਨ। ਇਸਦੇ ਨਾਲ ਹੀ ਉਹ ਇਕੱਲਤਾ ਤੋਂ ਨਿਜਾਤ ਪਾਉਣ ਲਈ ਦੂਜਾ ਵਿਆਹ ਕਰਾਉਣ ਦਾ ਫ਼ੈਸਲਾ ਵੀ ਲੈਂਦੀਆਂ ਹਨ। ਉਹਨਾਂ ਨੂੰ ਆਪਣੇ ਜੀਵਨ ਵਿੱਚ ਮਰਦ ਦੀ ਕਮੀ ਮਹਿਸੂਸ ਹੁੰਦੀ ਹੈ। ਔਰਤ ਸਵੈ-ਨਿਰਭਰ ਹੋਣ ਦੇ ਬਾਅਦ ਵੀ ਜ਼ਿੰਦਗੀ ਵਿੱਚ ਆਦਮੀ ਦਾ ਸਾਥ ਚਾਹੁੰਦੀ ਹੈ। ਅਨੀਤਾ ਦਾ ਅਜੈ ਨਾਲ ਵਿਆਹ ਕਰਵਾਉਣ ਲਈ ਰਾਜ਼ੀ ਹੋ ਜਾਣਾ ਅਤੇ ਰੀਟਾ ਦਾ ਬਿਕਰਮ ਨਾਲ ਅਮਰੀਕਾ ਚਲੇ ਜਾਣਾ, ਇਸੇ ਲੋੜ ਵਿੱਚੋਂ ਉਪਜੀ ਮਾਨਸਿਕਤਾ ਹੈ। ਨਾਟਕ 'ਸ਼ੋਭਾ' ਵਿੱਚ ਬਲਵੰਤ ਵੀ ਅਜਿਹਾ ਹੀ ਸੰਤਾਪ ਹੰਢਾਉਂਦਾ ਨਜ਼ਰ ਆਉਂਦਾ ਹੈ। ਸ਼ੋਭਾ ਖੁੱਲ੍ਹੇ ਵਿਚਾਰਾਂ ਵਾਲੀ ਔਰਤ ਹੈ। ਉਹ ਆਪਣੀ ਤਰੱਕੀ ਖ਼ਾਤਿਰ ਨਾਜਾਇਜ਼ ਸੰਬੰਧ ਸਥਾਪਿਤ ਕਰਦੀ ਹੈ। ਇਸ ਦੇ ਉਲਟ ਬਲਵੰਤ ਇੱਕ ਅਜਿਹਾ ਆਦਮੀ ਹੈ ਜੋ ਪਤੀ-ਪਤਨੀ ਦੇ ਰਿਸ਼ਤੇ ਵਿੱਚ ਇਤਬਾਰ ਅਤੇ ਵਫ਼ਾਦਾਰੀ ਹੋਣ ਦੀ ਗੱਲ ਕਰਦਾ ਹੈ। ਵਿਚਾਰਾਂ ਦੀ ਅਨਜੋੜਤਾ ਕਾਰਨ ਹੀ ਬਲਵੰਤ ਨਾਟਕ ਦੇ ਅੰਤ ਵਿੱਚ ਸ਼ੋਭਾ ਤੋਂ ਵੱਖ ਰਹਿਣ ਦਾ ਫ਼ੈਸਲਾ ਕਰਦਾ ਹੈ।

ਨਾਟਕਾਂ ਵਿੱਚ ਔਰਤ ਦਾ ਖ਼ੁਦ ਵਰ ਦੀ ਚੋਣ ਕਰਨਾ ਨਾਰੀ ਚੇਤਨਾ ਨਾਲ ਸੰਬੰਧਿਤ ਸਰੋਕਾਰ ਹੈ। ਅਜੋਕੀ ਔਰਤ ਆਪਣੀ ਹੋਂਦ ਪ੍ਰਤੀ ਸੁਚੇਤ, ਪੜ੍ਹੀ-ਲਿਖੀ ਅਤੇ ਸਵੈ-ਨਿਰਭਰ ਹੋਣ ਕਾਰਨ ਵਿਆਹ ਦਾ ਫ਼ੈਸਲਾ ਖ਼ੁਦ ਲੈਣਾ ਚਾਹੁੰਦੀ ਹੈ। ਵਰ ਦੀ ਚੋਣ ਦੇ ਨਾਲ-ਨਾਲ ਉਹ ਵਿਆਹ ਤੋਂ ਪਹਿਲਾਂ ਗਰਭਵਤੀ ਹੋ ਜਾਣ ਨੂੰ ਵੀ ਕੋਈ ਵੱਡੀ ਗੱਲ ਨਹੀਂ ਸਮਝਦੀ। ਅਨੀਤਾ ਲਈ ਬਿਨਾਂ ਵਿਆਹ ਤੋਂ ਗਰਭਵਤੀ ਹੋਣਾ ਰੋਣ-ਧੋਣ, ਸ਼ਰਮ ਜਾਂ ਨਮੋਸ਼ੀ ਦਾ ਕਾਰਨ ਨਹੀਂ

ਬਣਦਾ।

"ਅਨੀਤਾ: ਮੈਂ ਦੋ ਗੱਲਾਂ ਕਰ ਸਕਦੀ ਹਾਂ। ਪਹਿਲਾਂ ਇਹ ਕਿ ਗਰਭ ਟੁੱਟ ਜਾਵੇ। ਦੂਜਾ ਇਹ ਕਿ ਮੈਂ ਪਰਵਾਹ ਨਾ ਕਰਾਂ ਕਿਸੇ ਦੀ ਤੇ ਵਿਆਹ ਕਰਵਾਏ ਬਿਨਾ ਹੀ ਬੱਚਾ ਪੈਦਾ ਕਰ ਲਵਾਂ।"[6]

ਅਨੀਤਾ ਨੂੰ ਜਦੋਂ ਪਤਾ ਲੱਗਦਾ ਹੈ ਕਿ ਉਹ ਗਰਭਵਤੀ ਹੈ ਤਾਂ ਵੀ ਉਹ ਭਾਵੁਕਤਾ ਦੇ ਵਹਿਣ ਵਿੱਚ ਵਹਿ ਕੋਈ ਵੀ ਫ਼ੈਸਲਾ ਨਹੀਂ ਲੈਂਦੀ ਸਗੋਂ ਉਹ ਇਸ ਮਸਲੇ ਬਾਰੇ ਬੜੀ ਸੰਜਮਤਾ ਨਾਲ ਸੋਚ ਵਿਚਾਰ ਕਰਦੀ ਹੈ।

"ਅਨੀਤਾ: .....ਮੈਂ ਐਸਾ ਵਿਆਹ ਕਦੀ ਨਹੀਂ ਕਰਾਂਗੀ ਜਿਸ ਤੋਂ ਇਹ ਲਗੇ ਕਿ ਮੈਂ ਫਸ ਗਈ ਸਾਂ ਤੇ ਇਸ ਲਈ ਮੈਂ ਵਿਆਹ ਕੀਤਾ। ਮੈਂ ਨੀਵੇਂ ਹੋ ਕੇ ਵਿਆਹ ਨਹੀਂ ਕਰਨਾ। ਮੇਰੀ ਅਣਖ ਪੂਰੀ ਕਾਇਮ ਰਹਿਣੀ ਚਾਹੀਦੀ ਹੈ। ਜੇ ਉਹ ਗੱਲ ਨਹੀਂ ਹੋ ਸਕਦੀ ਤਾਂ ਮੈਂ ਆਪਰੇਸ਼ਨ ਕਰਵਾ ਲਵਾਂਗੀ, ਕੁਝ ਖਾ ਲਵਾਂਗੀ, ਕੱਲੀ ਰਹਿ ਲਵਾਂਗੀ ਪਰ ਹਾਰ ਨਹੀਂ ਮੰਨਾਂਗੀ।"[7]

ਇਸ ਤਰ੍ਹਾਂ ਸਮੇਂ ਦਾ ਬਦਲਾਅ ਸਮਾਜਿਕ ਜੀਵਨ ਦੇ ਹਰ ਪੱਖ ਵਿੱਚ ਫ਼ੈਲਿਆ ਨਜ਼ਰ ਆਉਂਦਾ ਹੈ। ਕਾਮ ਸੰਬੰਧਾਂ ਅਤੇ ਗਰਭ ਸੰਬੰਧੀ ਚਰਚਾ ਹੁਣ ਔਰਤ ਅਤੇ ਪਰਿਵਾਰਕ ਮੈਂਬਰਾਂ ਲਈ ਸ਼ਰਮ ਦੀ ਗੱਲ ਨਹੀਂ ਰਹੀ ਪਰ ਇਸ ਗੱਲ ਦਾ ਸਧਾਰਨੀਕਰਨ ਨਹੀਂ ਕੀਤਾ ਜਾ ਸਕਦਾ। ਅਨੀਤਾ ਗਰਭਵਤੀ ਹੋਣ ਦੇ ਬਾਵਜੂਦ ਸਹਿਜ ਸੁਭਾਅ ਵਿਚਰਦੀ ਅਤੇ ਵਿਆਹ ਦੇ ਮਸਲੇ 'ਤੇ ਤਰਕ ਨਾਲ ਸੋਚ-ਵਿਚਾਰ ਕਰਦੀ ਹੈ। ਉਸਨੂੰ ਕਿਸੇ ਗੱਲ ਦਾ ਡਰ ਜਾਂ ਸ਼ਰਮਿੰਦਗੀ ਨਹੀਂ ਹੈ। ਅਨੀਤਾ ਦੀ ਨਿਡਰਤਾ ਦਾ ਕਾਰਨ ਉਸਦਾ ਆਰਥਿਕ ਪੱਖ ਤੋਂ ਮਜ਼ਬੂਤ ਹੋਣਾ ਵੀ ਹੈ। 'ਸ਼ੋਭਾ' ਨਾਟਕ ਵਿੱਚ ਰਸ਼ਮੀ ਵੀ ਪੜ੍ਹੀ-ਲਿਖੀ ਅਗਾਂਹਵਧੂ ਵਿਚਾਰਾਂ ਦੀ ਧਾਰਨੀ ਹੈ। ਉਹ ਅਮਰੀਕਾ ਤੋਂ ਪੜ੍ਹੀ-ਲਿਖੀ ਅਤੇ ਆਰਥਿਕ ਤੌਰ 'ਤੇ ਸੁਤੰਤਰ ਹੈ। ਉਹ ਅਗਾਂਹਵਧੂ ਵਿਚਾਰਾਂ ਦੀ ਧਾਰਨੀ ਹੋਣ ਕਰਕੇ ਆਪਣੀ ਭੈਣ ਦੀ ਨੌਕਰਾਣੀ ਦੇ ਮੁੰਡੇ ਨਾਲ ਵਿਆਹ ਤੋਂ ਬਿਨਾਂ ਸਰੀਰਕ ਸੰਬੰਧ ਬਣਾਉਣ ਦੀ ਦਲੇਰੀ ਰੱਖਦੀ ਹੈ। ਅਜਿਹਾ ਕਰਨ ਨੂੰ ਉਹ ਕੋਈ ਵੱਡੀ ਗੱਲ ਨਹੀਂ ਸਮਝਦੀ ਸਗੋਂ ਇੱਕ ਨਵਾਂ ਤਜ਼ਰਬਾ ਸਮਝਦੀ ਹੈ। ਇਸਦੇ

ਉਲਟ ਨਾਟਕ 'ਅਨੀਤਾ ਦਾ ਫੈਸਲਾ' ਵਿੱਚ ਵਿਨੀਤਾ, ਅਨੀਤਾ ਦੇ ਵਿਆਹ ਤੋਂ ਪਹਿਲਾਂ ਹੀ ਗਰਭਵਤੀ ਹੋਣ ਦਾ ਕਾਰਨ ਇਕੱਲਾ ਅਜੈ ਨੂੰ ਸਮਝਦੀ ਹੈ। ਉਸਦੇ ਅਨੁਸਾਰ ਇਹ ਸਭ ਕੁਝ ਮਰਦ ਔਰਤ ਨੂੰ ਫਸਾਉਣ ਲਈ ਕਰਦੇ ਹਨ।

"ਵਿਨੀਤਾ: ਤੇ ਕੀ ਕਰਦੀ ਹੋਰ? ਜਦ ਇਕ ਵਾਰੀ ਬੱਚਾ ਠਹਿਰ ਗਿਆ ਤਾਂ ਹੋਰ ਕੀ ਹੋ ਸਕਦਾ ਸੀ? ਇਹੋ ਤਾਂ ਮੈਂ ਕਹਿੰਦੀ ਹਾਂ। ਔਰਤ ਨੂੰ ਫਸਾ ਕੇ ਆਦਮੀ ਕਹਿੰਦੇ ਨੇ ਜਿਵੇਂ ਤੇਰੀ ਮਰਜ਼ੀ ਹੈ ਕਰ ਲੈ। ਬੱਚੇ ਦੇ ਬਾਦ ਔਰਤ ਕੋਲ ਮਰਜ਼ੀ ਰਹਿ ਕਿਥੇ ਜਾਂਦੀ ਹੈ?

ਵਿਜੈ: ਹੁਣ ਤੂੰ ਹੋਰ ਹੀ ਪਾਸੇ ਤੁਰ ਪਈ ਏਂ। ਮੈਨੂੰ ਅਜੈ ਨੇ ਸਾਰੀ ਗੱਲ ਦਸੀ ਹੈ। ਇਹ ਕਹਿਣਾ ਮੁਸ਼ਕਿਲ ਹੈ ਕਿ ਸਿਰਫ ਅਜੈ ਨੇ ਹੀ ਫਸਾਇਆ ਹੈ ਅਨੀਤਾ ਨੂੰ।

ਵਿਨੀਤਾ: ਇਸ ਗੱਲ ਦਾ ਫੈਸਲਾ ਔਖਾ ਹੈ ਕਿ ਕੌਣ ਕਿਹਨੂੰ ਫਸਾਂਦਾ ਹੈ। ਮੈਂ ਤਾਂ ਇਹੋ ਜਾਣਦੀ ਹਾਂ ਕਿ ਔਰਤ ਤਾਂ ਖਰਬੂਜੇ ਵਾਂਗ ਹੈ। ਛੁਰੀ ਕਿਧਰੇ ਵੀ ਡਿਗੇ ਅਖੀਰ ਤੇ ਕਟਿਆ ਤਾਂ ਖਰਬੂਜ਼ਾ ਹੀ ਜਾਂਦਾ ਹੈ।"[8]

ਉਪਰੋਕਤ ਸੰਵਾਦ ਆਧੁਨਿਕ ਨਾਰੀ ਦੇ ਚਰਿੱਤਰ ਦਾ ਪ੍ਰਗਟਾਅ ਹੈ ਜੋ ਸਮਾਜਿਕ-ਸੱਭਿਆਚਾਰਿਕ ਮਿੱਥਾਂ ਅਤੇ ਵਲਗਣਾਂ ਨੂੰ ਤੋੜਦੀ ਹੈ। ਅਨੀਤਾ ਗਰਭਵਤੀ ਹੋਣ ਦੇ ਬਾਵਜੂਦ ਵੀ ਵਿਆਹ ਦਾ ਫ਼ੈਸਲਾ ਲੈਣ ਸਮੇਂ ਦੁਚਿੱਤੀ ਵਿੱਚ ਪਈ ਨਜ਼ਰ ਆਉਂਦੀ ਹੈ। 'ਆਪੋ ਆਪਣੇ ਭਾਗ' ਵਿੱਚ ਅਨੀਤਾ ਵਾਂਗ ਰੀਟਾ ਵੀ ਆਪਣੇ ਸ਼ਰਾਬੀ ਪਤੀ ਦੇ ਲੜਾਈ-ਝਗੜੇ ਕਾਰਨ ਵੱਖ ਹੋਣ ਤੋਂ ਬਾਅਦ ਆਰਥਿਕ ਪੱਖ ਤੋਂ ਸਵੈ-ਨਿਰਭਰ ਕਾਮਯਾਬ ਅਤੇ ਸੁਖਾਲੀ ਜ਼ਿੰਦਗੀ ਜਿਉਂਦੀ ਹੈ। ਆਪਣੇ ਪਹਿਲੇ ਵਿਆਹ ਦੇ ਕੌੜੇ ਤਜ਼ਰਬੇ ਤੋਂ ਬਾਅਦ ਰੀਟਾ ਵੀ ਬਿਕਰਮ ਨਾਲ ਦੂਜੇ ਵਿਆਹ ਦਾ ਫ਼ੈਸਲਾ ਲੈਣ ਲਈ ਛੇਤੀ ਤਿਆਰ ਨਹੀਂ ਹੁੰਦੀ:-

"ਕਲਪਨਾ: ਰੀਟਾ ਦਾ ਪਿਛਲਾ ਵਿਆਹ ਇੰਨਾ ਗਲਤ ਨਿਕਲਿਆ ਸੀ ਕਿ ਦੂਜੀ ਵਾਰ ਵਿਆਹ ਕਰਨ ਤੋਂ ਡ਼ਾਕਾ ਆਂਦਾ ਹੈ। ਕਹਿੰਦੀ ਹੈ ਕਿ ਮੁੜ੍ਹਕੇ ਗਲਤੀ ਨਹੀਂ ਕਰਨੀ। ਇਸ ਲਈ ਉਹ ਨਾਲ ਰਹਿਣ ਨੂੰ ਤਿਆਰ ਹੈ ਪਰ ਮੁੜ ਕੇ ਸ਼ਾਦੀ ਦਾ ਜੂਆ ਨਹੀਂ ਖੇਡਣਾ ਚਾਹੁੰਦੀ।"[9]

ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਸਮਾਜ ਦੇ ਮੌਜੂਦਾ ਪਰਿਵਾਰਕ ਵਾਤਾਵਾਰਨ ਅਤੇ ਸਮਾਜਿਕ ਕਦਰਾਂ-ਕੀਮਤਾਂ ਵਿੱਚ ਕਾਫ਼ੀ ਬਦਲਾਅ ਆਇਆ ਹੈ। "ਅਮੀਰ ਸ਼੍ਰੇਣੀ ਨਵੀਂ ਸੋਚ ਦੇ ਵਿਕਸਿਤ ਹੋਣ ਨਾਲ ਪੁਰਾਣੀਆਂ ਕੀਮਤਾਂ ਨੂੰ ਛੱਡ ਕੇ ਜੋ ਨਵੀਆਂ ਸਿਰਜੀਆਂ ਜਾ ਰਹੀਆਂ ਹਨ। ਉਹ ਸਮਾਜ ਨੂੰ ਉਸਾਰੂ ਸੋਚ ਵਾਲ਼ੇ ਪਾਸੇ ਨਹੀਂ ਸਗੋਂ ਪਤਨ ਵੱਲ ਲੈ ਜਾ ਰਹੀਆਂ ਹਨ ਜਿਸ ਕਰਕੇ ਨਵੇਂ ਸਮਾਜਿਕ ਸੰਕਟ ਜਨਮ ਲੈ ਰਹੇ ਹਨ।"[10] ਇਸ ਲਈ ਪਰਿਵਾਰਕ ਰਿਸ਼ਤਿਆਂ ਦੀ ਟੁੱਟ ਭੱਜ, ਰਿਸ਼ਤਿਆਂ ਵਿੱਚ ਟਕਰਾਅ, ਕਤਲ, ਨਾਜਾਇਜ਼ ਰਿਸ਼ਤੇ, ਪਤੀ-ਪਤਨੀ ਦੇ ਰਿਸ਼ਤੇ ਦੀ ਤਿੜਕਣ, ਪਰਿਵਾਰਕ ਰਿਸ਼ਤਿਆਂ ਵਿੱਚ ਪਾੜ ਜਿਹੀਆਂ ਸਮੱਸਿਆਵਾਂ ਸਮਾਜ ਵਿੱਚ ਆਮ ਹੋ ਗਈਆਂ ਹਨ। 'ਸ਼ੋਭਾ' ਨਾਟਕ ਵਿੱਚ ਅਜਿਹੇ ਹੀ ਸਮਾਜਿਕ ਵਰਤਾਰੇ ਦੀ ਪੇਸ਼ਕਾਰੀ ਹੋਈ ਹੈ। ਸ਼ੋਭਾ ਪੈਸੇ ਕਮਾਉਣ ਖ਼ਾਤਿਰ ਆਪਣੀ ਮਾਂ ਦੇ ਕਹਿਣ 'ਤੇ ਬਲਵੰਤ ਨੂੰ ਭਰਮਾਉਂਦੀ ਹੈ। ਸ਼ੋਭਾ ਨੂੰ ਅਮਰੀਕਾ ਤੋਂ ਆਈ ਆਪਣੀ ਭੈਣ ਰਸ਼ਮੀ ਦਾ ਉਨ੍ਹਾਂ ਦੀ ਨੌਕਰਾਣੀ ਦੇ ਪੜ੍ਹੇ ਲਿਖੇ ਕੈਪਟਨ ਲੱਗੇ ਮੁੰਡੇ ਨਾਲ ਬਿਨਾਂ ਵਿਆਹ ਤੋਂ ਘੁੰਮਦੇ ਰਹਿਣਾ, ਰਾਤਾਂ ਬਿਤਾਉਣਾ ਕੋਈ ਗ਼ਲਤ ਗੱਲ ਨਹੀਂ ਲੱਗਦਾ।

"ਸ਼ੋਭਾ: ਰਸ਼ਮੀ ਕਦੀ ਵੀ ਜ਼ਿੰਮੇਵਾਰੀ ਨਾਲ ਕੰਮ ਨਹੀਂ ਕਰਦੀ। ਮੈਂ ਉਹਨੂੰ ਕਿਹਾ ਵੀ ਸੀ ਕਿ ਉਹਨੂੰ ਹਰ ਕਿਸਮ ਦੀ ਖੁੱਲ੍ਹ ਹੈ ਇੱਥੇ।ਕੀ ਲੋੜ ਹੈ ਦੇਹਰਾਦੂਨ ਜਾਣ ਦੀ?............

ਬਲਵੰਤ: ਇਹ ਠੀਕ ਹੈ। ਇਸਦੇ ਬਾਵਜੂਦ ਦੁਨੀਆਂ ਦੇ ਹਰ ਮੁਲਕ ਵਿੱਚ ਦੂਰ ਨੇੜ ਤਾਂ ਹੋਂਦਾ ਹੀ ਹੈ। ਇਹ ਥੋੜਾ ਹੁੰਦਾ ਹੈ ਕਿ ਜਿਸ ਨਾਲ ਜੀ ਕੀਤਾ, ਉਸੇ ਨਾਲੇ ਹੀ ਰਾਤ ਗੁਜ਼ਾਰ ਲਈ।

ਸ਼ੋਭਾ: ਮੈਂ ਰਸ਼ਮੀ ਨੂੰ ਇਹੋ ਸਮਝਾਇਆ ਸੀ।

ਬਲਵੰਤ: ਕੀ ਕਹਿੰਦੀ ਸੀ ਫੇਰ?

ਸ਼ੋਭਾ: ਕਹਿਣ ਲੱਗੀ, 'ਮੈਂ ਅਮਰੀਕਾ ਵਿਚ ਵੇਖ ਰਹੀ ਹਾਂ ਕਿ ਊਚ-ਨੀਚ ਵਾਲੀ ਗੱਲ ਨਹੀਂ, ਕਾਲੇ-ਚਿੱਟੇ ਦੀ ਗੱਲ ਨਹੀਂ, ਪ੍ਰੋਫ਼ੈਸਰ-ਸਟੂਡੈਂਟ ਦੀ ਗੱਲ ਨਹੀਂ। ਜੋ ਕਿਸੇ ਦਾ ਜੀ ਕਰਦਾ ਹੈ, ਕਰਦਾ ਹੈ। ਕੋਈ ਰੁਕਾਵਟ ਨਹੀਂ, ਕੋਈ ਪਾਬੰਦੀ ਨਹੀਂ।"[11]

ਅਜੋਕੇ ਪੂੰਜੀਵਾਦੀ ਤੇ ਸ਼ਹਿਰੀਕਰਨ ਦੇ ਪ੍ਰਭਾਵ ਕਾਰਨ ਉਪਜੀ ਇਸ ਮਾਨਸਿਕਤਾ ਅਤੇ ਵਿਵਹਾਰ ਨੂੰ ਕਾਬੂ ਕਰਨਾ ਬਲਵੰਤ ਦੇ ਵੱਸ ਦੀ ਗੱਲ ਨਹੀਂ ਹੈ। ਉਸਦੇ ਕਹਿਣ ਦੇ ਬਾਵਜੂਦ ਰਸ਼ਮੀ,ਸ਼ੋਭਾ ਤੇ ਬਲਵੰਤ ਦੀ ਗੱਲ ਅਣਸੁਣੀ ਕਰਦੀ ਹੈ। ਪੂੰਜੀਵਾਦੀ ਸਮਾਜ ਦੀਆਂ ਚਕਾਚੌਂਧ ਕਰਨ ਵਾਲੀਆਂ ਅੱਯਾਸ਼ੀ ਭਰਪੂਰ ਖਾਹਿਸ਼ਾਂ ਸ਼ੋਭਾ ਨੂੰ ਵੀ ਗ਼ਲਤ ਰਸਤੇ ਵੱਲ ਲਿਜਾਂਦੀਆਂ ਹਨ। ਰਮੇਸ਼, ਬਲਵੰਤ ਸਾਹਮਣੇ ਸ਼ੋਭਾ ਦੇ ਨਾਜਾਇਜ਼ ਸੰਬੰਧਾਂ ਦਾ ਪਰਦਾਫ਼ਾਸ਼ ਕਰ ਦਿੰਦਾ ਹੈ। ਬਲਵੰਤ ਉਸਨੂੰ ਛੱਡਣ ਦਾ ਫ਼ੈਸਲਾ ਕਰ ਲੈਂਦਾ ਹੈ। ਇਸ ਫ਼ੈਸਲੇ ਨੂੰ ਸ਼ੋਭਾ ਬਰਦਾਸ਼ਤ ਨਹੀਂ ਕਰ ਪਾਉਂਦੀ ਤੇ ਉਹ ਆਤਮ ਹੱਤਿਆ ਕਰ ਲੈਂਦੀ ਹੈ। ਇਸ ਤਰ੍ਹਾਂ ਸਮਾਜ ਦੇ ਸਥਾਪਿਤ ਪ੍ਰਬੰਧ ਦੇ ਉਲਟ ਚੱਲਣਾ ਤਣਾਅ ਜਾਂ ਟਕਰਾਅ ਪੈਦਾ ਕਰਦਾ ਹੈ, ਜਿਸਦੇ ਨਤੀਜੇ ਭਿਆਨਕ ਨਿਕਲਦੇ ਹਨ।

ਅਮਰੀਕ ਸਿੰਘ ਦੇ ਨਾਟਕਾਂ ਵਿੱਚ ਔਰਤਾਂ ਆਪਣੇ ਸੁਤੰਤਰ ਫ਼ੈਸਲਿਆਂ ਕਾਰਨ ਇਕੱਲਤਾ ਵੀ ਹੰਢਾਉਂਦੀਆਂ ਨਜ਼ਰ ਆਉਂਦੀਆਂ ਹਨ। ਨਾਟਕਾਂ ਦੀਆਂ ਨਾਰੀ ਪਾਤਰ ਰੀਟਾ, ਅਨੀਤਾ, ਮਾਇਆ, ਕਰਤਾਰੋ ਤੇ ਅੰਜੂ ਲੰਮੇ ਸਮੇਂ ਦੀ ਇਕੱਲਤਾ ਹੰਢਾਉਂਦੀਆਂ ਹਨ। ਇਹ ਅਜਿਹੀ ਭਾਵਨਾ ਨਾਲ ਭਰ ਜਾਂਦੀਆਂ ਹਨ ਕਿ ਉਹ ਛੇਤੀ ਕਿਤੇ ਡੋਲਦੀਆਂ ਨਹੀਂ ਅਤੇ ਨਾ ਹੀ ਭਾਵੁਕ ਹੁੰਦੀਆਂ ਹਨ। ਉਨ੍ਹਾਂ ਨੂੰ ਇਕੱਲਤਾ ਸੰਘਰਸ਼ ਕਰਦਿਆਂ-ਕਰਦਿਆਂ ਜਿਉਣਾਂ ਤਾਂ ਸਿਖਾ ਦਿੰਦੀ ਹੈ ਪਰ ਜ਼ਿੰਦਗੀ ਵਿੱਚ ਇਕੱਲੇ ਵਿਚਰਨਾ ਬਹੁਤ ਔਖਾ ਹੈ। ਇਹ ਸਾਰੀਆਂ ਔਰਤਾਂ ਇੱਕ ਦੂਜੇ ਲਈ ਇਕੱਲਤਾ ਦਾ ਸਹਾਰਾ ਬਣਦੀਆਂ ਹਨ।

"ਅਨੀਤਾ: ਕਲਿਆਂ ਜ਼ਿੰਦਗੀ ਬੜੀ ਔਖੀ ਹੁੰਦੀ ਹੈ। ਇਨੇ ਸਾਲ ਮੈਂ ਇਕੱਲ ਵਿਚ ਗੁਜ਼ਾਰੇ ਨੇ। ਜੋ ਮੇਰੇ ਨਾਲ ਬੀਤਦੀ ਰਹੀ ਹੈ ਮੈਂ ਹੀ ਜਾਣਦੀ ਹਾਂ। ਤੁਹਾਡੇ ਨਾਲ ਮੈਂ ਬਹੁਤੀ ਗੱਲ ਨਹੀਂ ਕਰਦੀ ਰਹੀ ਕਿਉਂਕਿ ਤੁਹਾਡੇ ਆਪਣੇ ਬਖੇੜੇ ਹੀ ਬਥੇਰੇ ਸਨ।"[12]

"ਅਨੀਤਾ: .....ਜੇ ਮੈਂ ਇਨੇ ਸਾਲ ਕੱਲਿਆਂ ਕਟ ਲਏ ਨੇ ਤਾਂ ਸਿਰਫ ਮਾਇਆ ਦੇ ਸਹਾਰੇ। ਔਰਤ ਦਾ ਕੱਲਿਆਂ ਰਹਿਣਾ ਕੋਈ ਸੌਖਾ ਹੈ ਸਾਡੇ ਦੇਸ ਵਿੱਚ? ਲੋਕੀ ਜੀਣ ਨਹੀਂ ਦਿੰਦੇ। ਹਰ ਚੀਜ਼ ਤੇ ਨਿਗਾਹ ਰਖਦੇ ਨੇ। ਕੌਣ ਆਂਦਾ ਹੈ, ਕੌਣ ਜਾਂਦਾ ਹੈ। ਭੈਣ ਜੀ, ਤੁਸੀਂ ਅੰਦਾਜ਼ਾ ਨਹੀਂ

ਲਾ ਸਕਦੇ ਕਿ ਇਹ ਅੱਠ-ਨੌਂ ਸਾਲ ਕਿਨੇ ਔਖੇ ਕਢੇ ਨੇ।"[13]

ਇਹਨਾਂ ਨਾਟਕਾਂ ਵਿੱਚ ਵਿਆਹ ਬਾਹਰੇ ਨਾਜਾਇਜ਼ ਸੰਬੰਧਾਂ ਨਾਲ ਸੰਬੰਧਿਤ ਵੀ ਚਰਚਾ ਕੀਤੀ ਗਈ ਹੈ। 'ਅਨੀਤਾ ਦਾ ਫੈਸਲਾ' ਨਾਟਕ ਵਿੱਚ ਵਿਜੈ ਦੀ ਪਤਨੀ ਵਿਨੀਤਾ ਹੈ। ਵਿਜੈ, ਵਿਨੀਤਾ ਤੋਂ ਇਲਾਵਾ ਹੋਰ ਔਰਤ ਨਾਲ ਵੀ ਸਰੀਰਕ ਅਤੇ ਨਾਜਾਇਜ਼ ਸੰਬੰਧ ਕਾਇਮ ਰੱਖਦਾ ਹੈ। ਇਸ ਦੀ ਪੁਸ਼ਟੀ ਵਿਨੀਤਾ ਅਤੇ ਅਨੀਤਾ ਦੀ ਗੱਲਬਾਤ ਤੋਂ ਹੁੰਦੀ ਹੈ:

"ਅਨੀਤਾ: ਇਹ ਠੀਕ ਹੈ। ਜੇਕਰ ਸ਼ਾਦੀ ਮਾਂਪਿਆਂ ਦੇ ਜ਼ਰੀਏ ਹੋਈ ਹੋਵੇ ਤੇ ਉਹਨਾਂ ਨੇ ਹੀ ਮੁੰਡਾ ਲਭਿਆ ਹੋਵੇ, ਤਾਂ ਉਹ ਹਰ ਗੱਲ ਦਾ ਪਤਾ ਕਰਦੇ ਨੇ। ਫੇਰ ਵੀ ਗੜ ਬੜ ਹੋ ਜਾਂਦੀ ਹੈ ਕਈ ਵਾਰੀ। ਪਰ ਜਦੋਂ ਆਪਣਾ ਘਰ ਵਾਲਾ ਆਪ ਲਭਿਆ ਹੋਵੇ ਤਾਂ ਜ਼ਿੰਮੇਵਾਰੀ ਆਪਣੇ ਉਪਰ ਹੁੰਦੀ ਹੈ। ਕਿਸੇ ਹੋਰ ਨੂੰ ਦੋਸ਼ ਨਹੀਂ ਜਾ ਸਕਦਾ।

ਵਿਨੀਤਾ: ਇਹ ਗੱਲ ਬਿਲਕੁਲ ਠੀਕ ਹੈ। ਤੂੰ ਮੇਰੀ ਗੱਲ ਲੈ। ਪਹਿਲੇ ਚਾਰ-ਪੰਜ ਸਾਲ ਬੜੇ ਚੰਗੇ ਕਟੇ। ਵਿਜੈ ਹਰ ਲਿਹਾਜ਼ ਨਾਲ ਠੀਕ ਚਲਦਾ ਰਿਹਾ। ਫੇਰ ਬਿਜ਼ਨਸ ਵਿਚ ਮੁਸ਼ਕਲਾਂ ਸ਼ੁਰੂ ਹੋ ਗਈਆਂ। ਕਈ ਸਾਲ ਚਲਦੀਆਂ ਰਹੀਆਂ। ਅਸਲੀ ਮੁਸ਼ਕਿਲ ਇਹ ਸੀ ਕਿ ਮਸ਼ੀਨ ਨਵੀਂ ਲੈਣੀ ਸੀ ਤੇ ਪੈਸੇ ਹੈ ਨਹੀਂ ਸਨ। ਇਹ ਮੁਸ਼ਕਿਲ ਸੁਆਮੀ ਜੀ ਨੇ ਹਲ ਕਰਵਾਈ। ਉਹਨਾਂ ਬਿਨਾਂ ਇਹ ਮੁਸ਼ਕਿਲ ਹਲ ਨਹੀਂ ਸੀ ਹੋਣੀ। ਸਾਡੇ ਪਹਿਲੇ ਦਸ-ਬਾਰਾਂ ਸਾਲ ਬਿਲਕੁਲ ਠੀਕ ਨਿਕਲੇ। ਬਿਜ਼ਨਿਸ ਦੀਆਂ ਮੁਸ਼ਕਿਲਾਂ ਦੇ ਬਾਵਜੂਦ ਸਾਡੀ ਆਪਸ ਵਿਚ ਕੋਈ ਖਾਸ ਖਟ ਪਟ ਨਹੀਂ ਸੀ ਹੋਈ। ਇਹ ਉਦੋਂ ਹੋਈ ਜਦੋਂ ਸਾਡੀਆਂ ਮੁਸ਼ਕਿਲਾਂ ਹਲ ਹੋ ਗਈਆਂ ਤੇ ਕੰਮ ਚਲ ਨਿਕਲਿਆ। ਉਦੋਂ ਉਸ ਕੁਪੱਤੀ ਨੇ ਵਿਜੈ ਉਪਰ ਡੋਰੇ ਪਾ ਲਏ।"[14]

ਇਸ ਤਰ੍ਹਾਂ 'ਸ਼ੋਭਾ' ਨਾਟਕ ਵਿੱਚ ਸ਼ੋਭਾ ਪੈਸੇ ਦੇ ਲੋਭ ਅਤੇ ਉੱਚ ਪਦਵੀਂ ਦੀ ਲਾਲਸਾ ਕਾਰਨ ਵਿਆਹ ਬਾਹਰੇ ਨਾਜਾਇਜ਼ ਸੰਬੰਧ ਸਥਾਪਿਤ ਕਰਦੀ ਹੈ। ਇਸ ਕਰਕੇ ਉਸਦੀ ਵਿਆਹੁਤਾ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਇਹਨਾਂ ਨਾਜਾਇਜ਼ ਸੰਬੰਧਾਂ ਦੇ ਚੱਲਦਿਆਂ ਉਸਨੂੰ ਜੇਲ੍ਹ ਤੱਕ ਵੀ ਕੱਟਣੀ ਪੈਂਦੀ ਹੈ। ਅੰਤ ਵਿੱਚ ਉਹ ਇਕੱਲੀ ਰਹਿ ਜਾਂਦੀ ਹੈ ਅਤੇ ਇਕੱਲਤਾ ਦੇ ਕਾਰਨ ਖ਼ੁਦਕੁਸ਼ੀ ਕਰ ਲੈਂਦੀ ਹੈ। ਇਹਨਾਂ ਨਾਟਕਾਂ ਦੇ ਪਾਤਰ ਸਰੀਰਕ ਸੰਬੰਧ ਤਾਂ ਕਾਇਮ

ਕਰਨਾ ਚਾਹੁੰਦੇ ਹਨ ਪਰ ਵਿਆਹ ਵਾਲੇ ਬੰਧਨ ਵਿੱਚ ਨਹੀਂ ਬੱਝਣਾ ਚਾਹੁੰਦੇ। ਇਹ ਬਿਨ੍ਹਾਂ ਵਿਆਹ ਤੋਂ ਸਰੀਰਕ ਸੰਬੰਧ ਕਾਇਮ ਕਰਦੇ ਹਨ ਅਤੇ ਵਿਆਹ ਤੋਂ ਪਹਿਲਾਂ ਇਕੱਠੇ ਇੱਕੋਂ ਹੀ ਘਰ (Living Relationship) ਵਿੱਚ ਰਹਿੰਦੇ ਹਨ। ਇਹਨਾਂ ਨੂੰ ਵਿਆਹ ਵਿੱਚ ਬੱਝਣਾ ਇੱਕ ਜੰਜਾਲ ਲੱਗਦਾ ਹੈ। 'ਆਪੋ ਆਪਣੇ ਭਾਗ' ਵਿਚਲੀ ਰੀਟਾ ਅਜਿਹੀ ਹੀ ਸੋਚ ਦੀ ਧਾਰਨੀ ਹੈ।

"ਰੀਟਾ: .........ਮੈਂ ਹਾਲ ਦੀ ਘੜੀ ਵਿਆਹ ਨਹੀਂ ਕਰ ਰਹੀ। ਕੱਲ ਕੀ ਹੋਂਦਾ ਹੈ, ਮੈਂ ਕਹਿ ਨਹੀਂ ਸਕਦੀ। ਲੱਗਦਾ ਇੰਝ ਹੈ ਕਿ ਦੂਜਾ ਵਿਆਹ ਮੇਰੀ ਤਕਦੀਰ ਵਿੱਚ ਨਹੀਂ ਲਿਖਿਆ। ਇਹ ਹੋ ਸਕਦਾ ਹੈ ਕਿ ਮੈਂ ਕਿਸੇ ਨਾਲ ਮੁੜ ਰਹਿਣਾ ਸ਼ੁਰੂ ਕਰ ਦੇਵਾਂ ਜਿਸ ਤਰ੍ਹਾਂ ਬਿਕਰਮ ਨਾਲ ਰਹਿੰਦੀ ਰਹੀ ਹਾਂ। ਮੈਨੂੰ ਲੱਗਦਾ ਹੈ ਮੈਂ ਆਦਮੀ ਤੋਂ ਦੂਰ ਨਹੀਂ ਰਹਿ ਸਕਦੀ ਪਰ ਵਿਆਹ ਦੇ ਜੰਜਾਲ ਵਿਚ ਫਸਣ ਤੋਂ ਘਬਰਾਂਦੀ ਹਾਂ।"[15]

ਨਾਟਕ 'ਆਪੋ ਆਪਣੇ ਭਾਗ' ਵਿੱਚ ਰੀਟਾ, ਬਿਕਰਮ ਨਾਲ ਬਿਨਾਂ ਵਿਆਹ ਤੋਂ ਰਹਿੰਦੀ ਹੈ। ਨਾਟਕ 'ਅਨੀਤਾ ਦਾ ਫੈਸਲਾ' ਵਿੱਚ ਅਨੀਤਾ ਅਜੈ ਨੂੰ ਪਰਖ ਦੀ ਕਸਵੱਟੀ 'ਚੋਂ ਲੰਘਾਉਂਦੀ ਹੈ ਤੇ ਉਹ ਇਕੱਠੇ ਰਹਿੰਦੇ ਹਨ। ਇਸੇ ਹੀ ਤਰ੍ਹਾਂ 'ਸ਼ੋਭਾ' ਨਾਟਕ ਵਿੱਚ ਰਸ਼ਮੀ ਰਮੇਸ਼ ਰਸ਼ਪਾਲ ਨਾਲ ਸਰੀਰਕ ਸੰਬੰਧ ਕਾਇਮ ਕਰਦੀ ਹੈ। ਇਸ ਤਰ੍ਹਾਂ ਨਾਟਕਾਂ ਵਿਚਲੇ ਰਿਸ਼ਤਿਆਂ ਨੂੰ ਇੱਕ ਬੰਧਨ ਵਿੱਚ ਬੱਝਣ ਲਈ ਇੱਕ ਪਰਖ ਦੀ ਕਸਵੱਟੀ ਵਿੱਚੋਂ ਲੰਘਣਾ ਪੈਂਦਾ ਹੈ। ਪਰਖ ਦੇ ਆਧਾਰ 'ਤੇ ਹੀ ਫ਼ੈਸਲੇ ਲਏ ਜਾਂਦੇ ਹਨ, ਜਿਵੇਂ 'ਆਪੋ ਆਪਣੇ ਭਾਗ' ਨਾਟਕ ਵਿੱਚ ਰੀਟਾ ਬਿਕਰਮ ਨੂੰ ਪਰਖਦੀ ਹੈ ਅੰਤ ਉਸ ਨਾਲ ਨਾ ਰਹਿਣ ਦਾ ਫ਼ੈਸਲਾ ਕਰਦੀ ਹੈ।

"ਕਲਪਨਾ: ......ਰੀਟਾ ਵੀ ਆਪਣੀ ਗੱਲ 'ਤੇ ਪੱਕੀ ਤਰ੍ਹਾਂ ਕਾਇਮ ਹੈ। ਕਹਿੰਦੀ ਹੈ ਵਿਆਹ ਉਦੋਂ ਕਰਾਵਾਂਗੀ ਜਦੋਂ ਮੇਰੀ ਪੂਰੀ ਤਸੱਲੀ ਹੋ ਜਾਵੇਗੀ। ਭਾਵੇਂ ਬੱਚਾ ਵੀ ਪੈਦਾ ਹੋ ਜਾਵੇ, ਤਾਂ ਵੀ ਮੈਂ ਉਦੋਂ ਹੀ ਵਿਆਹ ਕਰਾਂਗੀ ਜਦੋਂ ਮੇਰੇ ਅੰਦਰਲੇ 'ਚੋਂ ਆਵਾਜ਼ ਆਵੇਗੀ।"[16]

ਨਾਟਕਾਂ ਵਿੱਚ ਔਰਤ ਮਰਦ ਵਿਚਲੀ ਕਾਮੁਕਤਾ ਦੀ ਸਥਿਤੀ ਨੂੰ ਵੀ ਪੇਸ਼ ਕੀਤਾ ਗਿਆ ਹੈ।

ਔਰਤ ਮਰਦ ਇੱਕ ਦੂਜੇ ਦੇ ਪੂਰਕ ਹੁੰਦੇ ਹਨ। ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਸਮਾਜ ਵਿੱਚ ਵਿਚਰਨ ਲਈ ਔਰਤ ਮਰਦ ਚਾਹੇ ਜਿੰਨੇ ਮਰਜ਼ੀ ਸਫ਼ਲ ਹੋ ਜਾਣ ਇੱਕ ਪੱਧਰ 'ਤੇ ਆ ਕੇ ਔਰਤ ਨੂੰ ਮਰਦ ਅਤੇ ਮਰਦ ਨੂੰ ਔਰਤ ਦੀ ਜ਼ਰੂਰਤ ਤਾਂ ਹੁੰਦੀ ਹੀ ਹੈ। ਅਜੈ ਅਤੇ ਅਨੀਤਾ ਦੀ ਇੱਕ ਰਾਤ ਦੀ ਮਿਲਣੀ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ।

"ਤੁਸੀਂ ਇਹ ਕਿਉਂ ਨਹੀਂ ਸੋਚਦੇ ਕਿ ਅਨੀਤਾ ਦੀ ਸ਼ਾਦੀ ਟੁੱਟਿਆ ਕਈ ਸਾਲ ਹੋ ਚੁਕੇ ਸਨ। ਜੋ ਮੈਨੂੰ ਸਮਝ ਆਈ ਹੈ ਉਸ ਸ਼ਾਦੀ ਤੋਂ ਬਾਦ ਅਨੀਤਾ ਨੇ ਕਿਸੇ ਆਦਮੀ ਨੂੰ ਛੋਹਿਆ ਤਕ ਨਹੀਂ ਸੀ। ਉਸ ਦਿਨ ਸ਼ਾਮ ਦੇ ਹਾਲਾਤ ਬਾਦ ਇਕ ਜਾਦੂ ਜਿਹਾ ਹੋ ਗਿਆ ਉਸ ਉਪਰ। ਉਹਨੂੰ ਲਗਿਆ ਕਿ ਇਨੇ ਸਾਲ ਉਹ ਬੇਸਹਾਰਾ ਤੇ ਕੱਲਮਕੱਲੀ ਹੀ ਰਹੀ ਹੈ। ਸਚ ਜਾਣਿਉ, ਸੁਆਮੀ ਜੀ, ਉਸ ਸ਼ਾਮ ਨੂੰ ਮੈਂ ਹਥ ਉਹਨੂੰ ਜ਼ਰੂਰ ਲਾਇਆ ਇਕ ਵਾਰ ਪਰ ਉਹ ਇਤਫਾਕੀਆ ਸੀ। ਮੈਂ ਕੋਈ ਸੋਚ ਕੇ ਹਥ ਨਹੀਂ ਸੀ ਲਾਇਆ। ਬਸ ਮੇਰੇ ਹਥ ਲਗਣ ਦੀ ਦੇਰ ਸੀ ਕਿ ਭਾਂਬੜ ਬਲ ਉਠਿਆ। ਇਕ ਵਾਰ ਅਗ ਲਗ ਜਾਵੇ, ਫੇਰ ਕੋਈ ਆਦਮੀ ਜਾਂ ਔਰਤ ਨਾ ਅੱਗਾ ਵੇਖਦਾ ਏ ਨਾ ਪਿੱਛਾ। ਯਕੀਨ ਜਾਣਿਉ ਉਸ ਰਾਤ ਅਸੀਂ ਇਕ ਪਲ ਨਹੀਂ ਸੁਤੇ ਤੇ ਗੱਲਾਂ ਹੀ ਕਰਦੇ ਰਹੇ। ਮੁਕਣ ਹੀ ਨਾ ਗੱਲਾਂ। ਗੱਲ ਚੋਂ ਗੱਲ ਨਿਕਲੇ ਤੇ ਨਿਕਲਦੀ ਹੀ ਤੁਰੀ ਜਾਵੇ। ਤੇ ਜੇ ਮੈਨੂੰ ਇਜਾਜਤ ਦੇਵੋ ਕਹਿਣ ਦੀ, ਉਸ ਰਾਤ ਅਸੀ ਤਿੰਨ ਵਾਰੀ ਪਿਆਰ ਕੀਤਾ।"[17]

ਅਮਰੀਕ ਸਿੰਘ ਦੇ ਇਹਨਾਂ ਨਾਟਕਾਂ ਦਾ ਸਰੋਕਾਰ ਪਤੀ-ਪਤਨੀ ਦੇ ਰਿਸ਼ਤੇ ਨਾਲ ਵੀ ਸੰਬੰਧਿਤ ਹੈ। ਪਤੀ-ਪਤਨੀ ਦੇ ਰਿਸ਼ਤੇ ਵਿੱਚ ਯਕੀਨ, ਇਤਬਾਰ ਅਤੇ ਵਿਸ਼ਵਾਸ ਹੋਣਾ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਰਿਸ਼ਤਿਆਂ ਦੀ ਅਸਲ ਬੁਨਿਆਦ ਵਿਸ਼ਵਾਸ ਹੀ ਹੁੰਦਾ ਹੈ। ਵਿਸ਼ਵਾਸ ਤੋਂ ਬਿਨਾਂ ਕੋਈ ਵੀ ਰਿਸ਼ਤਾ ਲੰਮੇ ਸਮੇਂ ਤੱਕ ਨਹੀਂ ਚੱਲ ਸਕਦਾ।

"ਵਿਨੀਤਾ: ਇਤਬਾਰ ਸ਼ੀਸ਼ੇ ਵਾਂਗ ਹੈ। ਇਕ ਵਾਰੀ ਟੁਟ ਜਾਵੇ ਤਾਂ ਮੁੜ ਕੇ ਜੁੜ ਨਹੀਂ ਸਕਦਾ।"[18]

ਬਲਵੰਤ: ਇਹੋ ਕਿ ਤੇਰੇ 'ਤੇ ਇਤਬਾਰ ਬਿਲਕੁਲ ਨਹੀਂ ਕੀਤਾ ਜਾ ਸਕਦਾ। ਤੂੰ ਕਹਿੰਦੀ

ਇਕ ਗੱਲ ਏਂ ਤੇ ਕਰਦੀ ਦੂਜੀ ਏਂ। ਇੰਨਾ ਕੁਝ ਹੋਣ ਦੇ ਬਾਦ ਤੇਰੇ 'ਤੇ ਇਤਬਾਰ ਕਰਨਾ ਆਪਣੇ ਆਪ ਨਾਲ ਧੋਖਾ ਕਰਨਾ ਹੈ।"[19]

ਨਾਟਕਕਾਰ ਆਪਣੇ ਨਾਟਕਾਂ ਵਿੱਚ ਔਰਤ ਦੇ ਹਰ ਪੱਖ ਨੂੰ ਸਾਡੇ ਸਨਮੁੱਖ ਕਰਦਾ ਹੈ। ਇੱਕ ਨੌਕਰੀ ਪੇਸ਼ਾ ਔਰਤ ਜਿੱਥੇ ਆਪਣੀ ਸੁਤੰਤਰਤਾ ਨੂੰ ਮਾਣਦੀ ਹੋਈ ਆਪਣੇ ਮਾਂ-ਬਾਪ ਦੀ ਦੇਖਭਾਲ ਵੀ ਕਰਦੀ ਹੈ। ਔਰਤ ਆਧੁਨਿਕਤਾ ਦੇ ਨਾਲ-ਨਾਲ ਸੰਸਕਾਰਾਂ ਦੀ ਵੀ ਧਾਰਨੀ ਹੈ। 'ਆਪੋ ਆਪਣੇ ਭਾਗ' ਵਿੱਚ ਰੀਟਾ ਆਪਣੇ ਮਾਂ ਬਾਪ ਨੂੰ ਛੱਡ ਨਹੀਂ ਸਕਦੀ, ਇਸੇ ਕਰਕੇ ਉਹ ਵਿਦੇਸ਼ ਤੋਂ ਵਾਪਸ ਆ ਜਾਂਦੀ ਹੈ। ਉਹ ਆਪਣੇ ਮਾਤਾ-ਪਿਤਾ ਦੀ ਦੇਖਭਾਲ ਕਰਨਾ ਅਤੇ ਆਰਥਿਕ ਸਹਾਰਾ ਬਣਨਾ ਚਾਹੁੰਦੀ ਹੈ। ਪਰ ਇਸਦੇ ਉਲਟ 'ਸ਼ੋਭਾ' ਨਾਟਕ ਦੀ ਪਾਤਰ ਸ਼ੋਭਾ ਪੈਸਿਆਂ ਤੇ ਉੱਚ ਪਦਵੀ ਦੀ ਖ਼ਾਤਿਰ ਗ਼ਲਤ ਰਸਤਾ ਅਖ਼ਤਿਆਰ ਕਰਦੀ ਹੈ। ਜਿਸਦੇ ਸਿੱਟੇ ਵਜੋਂ ਉਸਦਾ ਪਰਿਵਾਰ ਉਜੜ ਜਾਂਦਾ ਹੈ।

ਉਪਰੋਕਤ ਅਧਿਐਨ ਤੋਂ ਸਪੱਸ਼ਟ ਹੈ ਕਿ ਅਮਰੀਕ ਸਿੰਘ ਦੇ ਆਧੁਨਿਕ ਨਾਟਕਾਂ ਵਿੱਚ ਔਰਤ ਆਧੁਨਿਕ ਸੋਚ ਅਤੇ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਸੁਚੇਤ ਹੋ ਕੇ ਆਪਣੇ ਹੱਕਾਂ ਪ੍ਰਤੀ ਚੇਤੰਨ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਅਮਰੀਕ ਸਿੰਘ ਦੇ ਨਾਟਕ ਨਾਰੀ ਚੇਤਨਾ, ਨਾਰੀ ਸੰਘਰਸ਼, ਪਛਾਣ ਦਾ ਸੰਕਟ, ਪਰਿਵਾਰਕ ਰਿਸ਼ਤਿਆਂ ਦੀ ਟੁੱਟ ਭੱਜ, ਰਿਸ਼ਤਿਆਂ ਵਿੱਚ ਟਕਰਾਅ, ਕਤਲ, ਨਾਜਾਇਜ਼ ਰਿਸ਼ਤੇ, ਪਤੀ-ਪਤਨੀ ਦੇ ਰਿਸ਼ਤੇ ਦੀ ਤਿੜਕਣ, ਪਤੀ ਪਤਨੀ ਦੇ ਰਿਸ਼ਤੇ ਵਿੱਚ ਵਫ਼ਾਦਾਰੀ, ਜਿਨਸੀ ਸੰਬੰਧ, ਲਿਵਇਨ ਰਿਸ਼ਤਾ (Living Relationship), ਇਕੱਲਤਾ ਅਤੇ ਅਨਜੋੜ ਵਿਆਹ ਆਦਿ ਸਰੋਕਾਰਾਂ ਨਾਲ ਸੰਬੰਧਿਤ ਹਨ।ਅਜੋਕੀ ਔਰਤ ਅਣਜੋੜ ਵਿਆਹ ਦਾ ਸ਼ਿਕਾਰ ਹੋ ਕੇ ਰਿਸ਼ਤੇ ਦੇ ਬੋਝ ਨੂੰ ਚੁੱਕ ਕੇ ਨਹੀਂ ਰੱਖਦੀ ਸਗੋਂ ਅਜਿਹੇ ਰਿਸ਼ਤਿਆਂ ਤੋਂ ਛੁਟਕਾਰਾ ਪਾਉਣ ਨੂੰ ਬਿਹਤਰ ਸਮਝਦੀ ਹੈ। ਉਹ ਮਰਦ ਦੀ ਵਧੀਕੀ ਨਹੀਂ ਸਹਿੰਦੀ ਸਗੋਂ ਉਸਦਾਵਿਰੋਧ ਕਰਦੀ ਹੈ। ਔਰਤ ਆਪਣੀ ਇਕੱਲਤਾ ਤੋਂ ਨਿਜਾਤ ਪਾਉਣ ਲਈ ਦੂਜੇ ਵਿਆਹ ਦਾ ਫ਼ੈਸਲਾ ਵੀ ਲੈਂਦੀ ਹੈ ਅਤੇ ਦੁਚਿੱਤੀ ਦਾ ਸ਼ਿਕਾਰ ਵੀ ਹੁੰਦੀ ਹੈ। ਪੱਛਮੀ ਸੱਭਿਆਚਾਰ ਅਤੇ ਅਮੀਰੀ ਦੇ ਪ੍ਰਭਾਵ ਕਾਰਨ ਅੱਜ ਦੀ

ਔਰਤ ਬੇਲੋੜੀਆਂ ਖੁੱਲ੍ਹਾਂ ਮਾਣਦੀ ਅਤੇ ਅੰਤ ਅਹਿਸਾਸ ਹੋਣ 'ਤੇ ਪਛਤਾਵਾ ਵੀ ਕਰਦੀ ਹੈ। ਅਜੋਕੀ ਔਰਤ ਸਵੈ-ਨਿਰਭਰ, ਨਿਡਰ ਤੇਨਿਧੜਕਰਹਿੰਦਿਆਂ ਸਮਾਜਿਕ-ਪਰਿਵਾਰਕ ਮਸਲਿਆਂ ਵਿੱਚ ਸਹਿਜ-ਸੁਭਾਅ ਵਿਚਰਦੀ ਹੋਈ, ਆਪਣੇ ਫ਼ੈਸਲੇ ਖ਼ੁਦ ਲੈਣ ਦੀ ਹਿੰਮਤ ਰੱਖਦੀ ਹੈ।

## ਹਵਾਲੇ

1. ਅਮਰੀਕ ਸਿੰਘ, ਅਨੀਤਾ ਦਾ ਫੈਸਲਾ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2002, ਪੰਨਾ 80
2. ਰਜਨੀਸ਼ ਬਹਾਦਰ ਸਿੰਘ (ਡਾ.), ਗਲਪ ਅਧਿਐਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1999, ਪੰਨਾ 109
3. ਅਮਰੀਕ ਸਿੰਘ, ਸ਼ੋਭਾ, ਸਾਤਵਿਕ ਮੀਡੀਆ, ਅੰਮ੍ਰਿਤਸਰ, 2007, ਪੰਨਾ 42
4. ਉਹੀ, ਅਨੀਤਾ ਦਾ ਫੈਸਲਾ, ਪੰਨਾ 20
5. ਉਹੀ, ਆਪੋ ਆਪਣੇ ਭਾਗ, ਸਾਤਵਿਕ ਮੀਡੀਆ, ਅੰਮ੍ਰਿਤਸਰ, 2007, ਪੰਨਾ 54
6. ਉਹੀ, ਅਨੀਤਾ ਦਾ ਫੈਸਲਾ, ਪੰਨਾ 69
7. ਉਹੀ, ਪੰਨਾ 82
8. ਉਹੀ, ਪੰਨਾ 86
9. ਉਹੀ, ਆਪੋ ਆਪਣੇ ਭਾਗ, ਪੰਨਾ 20
10. ਰਜਨੀਸ਼ ਬਹਾਦਰ ਸਿੰਘ (ਡਾ.), ਗਲਪ ਅਧਿਐਨ, ਪੰਨਾ 49
11. ਅਮਰੀਕ ਸਿੰਘ, ਸ਼ੋਭਾ, ਪੰਨਾ 09-10
12. ਉਹੀ, ਅਨੀਤਾ ਦਾ ਫੈਸਲਾ, ਪੰਨਾ 67
13. ਉਹੀ, ਪੰਨਾ 25
14. ਉਹੀ, ਪੰਨਾ 65
15. ਉਹੀ, ਆਪੋ ਆਪਣੇ ਭਾਗ, ਪੰਨਾ 64
16. ਉਹੀ, ਪੰਨਾ 21
17. ਉਹੀ, ਅਨੀਤਾ ਦਾ ਫੈਸਲਾ, ਪੰਨਾ 39-40
18. ਉਹੀ, ਪੰਨਾ 56
19. ਉਹੀ, ਸ਼ੋਭਾ, ਪੰਨਾ 54